# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2023/ 27975 **ਦਫਤਰੀ ਹੁਕਮ** ਮਿਤੀ- 04/09/2023

ਪੰਜਾਬ ਸਰਕਾਰ, ਮੈਡੀਕਲ ਸਿਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀਂ ਜਾਰੀ ਹਦਾਇਤਾਂ/ਅਧਿਕਾਰਾਂ ਦੇ ਸਨਮੁੱਖ ਇਸ ਦਫਤਰ ਵੱਲੋਂ ਇਸ ਸੰਸਥਾ ਦੇ ਵੱਖ-ਵੱਖ ਵਿਭਾਗਾਂ ਵਿੱਚ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਖਾਲੀ ਆਸਾਮੀਆਂ ਦੀ ਚੋਣ ਕਰਨ ਲਈ ਲੀਡਿੰਗ ਅਖਬਾਰਾਂ ਅਤੇ ਸੰਸਥਾ ਦੀ ਵੈਬ-ਸਾਈਟ ਤੇ ਵਿਗਿਆਪਨ ਨੰ: ਡੀ.ਪੀ.ਆਰ/ਪੀ.ਬੀ/26383 ਅਤੇ ਡੀ.ਪੀ.ਆਰ/ਐਨ.ਏ/12/17925/2023/26383 ਮਿਤੀ 01.08.2023 ਨੂੰ ਪ੍ਰਕਾਸ਼ਿਤ ਕਰਦੇ ਹੋਏ ਬਿਨੈਕਾਰਾਂ ਪਾਸੋਂ ਸੀਨੀਅਰ ਰੈਜੀਡੈਂਟ ਦੀਆਂ ਖਾਲੀ ਆਸਾਮੀਆਂ ਭਰਨ ਲਈ ਮਿਤੀ 16.08.2023 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਨਿਰਧਾਰਿਤ ਮਿਤੀ ਤੱਕ ਬਿਨੈਕਾਰਾਂ ਪਾਸੋਂ ਪ੍ਰਾਪਤ ਅਰਜੀਆਂ ਘੋਖਣ ਉਪਰੰਤ ਅਤੇ ਇਸ ਸੰਸਥਾ ਵਿਖੇ ਸ਼ੈਸ਼ਨ ਮਈ/ਜੂਨ-2023 ਦੌਰਾਨ ਪੀ.ਜੀ ਪ੍ਰੀਖਿਆਵਾਂ ਵਿਚ ਪਾਸ ਹੋਏ ਪੀ.ਜੀ ਵਿਦੀਆਰਥੀਆਂ ਦੀ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਚੋਣ ਕਰਨ ਲਈ ਇਸ ਸੰਸਥਾ ਦੀ ਸਲੈਕਸ਼ਨ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਯੋਗ ਪਾਏ ਗਏ ਨਿਮਨ ਦਰਸਾਏ ਬਿਨੈਕਾਰਾਂ ਨੂੰ ਉਨ੍ਹਾਂ ਦੇ ਵਿਭਾਗਾਂ ਵਿੱਚ ਇਸ ਸੰਸਥਾ ਵਿਖੇ ਉਹਨਾਂ ਦੇ ਨਾਵਾਂ ਸਾਹਮਣੇ ਦਰਸਾਏ ਟੈਨਿਓਰ ਲਈ ਬਤੌਰ ਸੀਨੀਅਰ ਰੈਜੀਡੈਂਟ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਚੁਣਿਆ ਜਾਂਦਾ ਹੈ:-

(1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕਰਨਗੇ।

(2) ਚੁਣੇ ਗਏ ਉਮੀਦਵਾਰਾਂ ਦੀ ਜਿਸ ਵਿਭਾਗ ਵਿਚ ਸੀਨੀਅਰ ਰੈਜੀਡੈਂਟ ਚੋਣ ਕੀਤੀ ਗਈ ਹੈ ਉਹ ਅੰਤਿਮ ਹੋਵੇਗੀ।

(3) ਚੁਣੇ ਗਏ ਉਮੀਦਵਾਰਾਂ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਮੀਮੋ ਨੰ: ਐਮ.ਈ.ਆਰ-ਐਚ.ਟੀ.ਐਚ307ਏ/125/2021-6 ਐਚ.ਬੀ3/ 2327-32 ਮਿਤੀ 26.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

(4) ਕੈਟਾਗਰੀ 1 ਅਧੀਨ ਚੁਣੇ ਗਏ ਉਮੀਦਵਾਰ ਆਪਣੀ ਜੁਆਇਨਿੰਗ ਸਮੇਂ ਆਪਣੇ ਪਿੱਤਰੀ ਵਿਭਾਗ ਪਾਸੋਂ ਜਾਰੀ ਫਾਰਮਲ ਐਨ.ਓ.ਸੀ ਪੇਸ਼ ਕਰਨਗੇ ਅਤੇ ਪਿੱਤਰੀ ਵਿਭਾਗ ਪਾਸੋਂ ਫਾਰਮਲ ਐਨ.ਓ.ਸੀ ਪੇਸ਼ ਕਰਨ ਦੀ ਸੂਰਤ ਵਿੱਚ ਹੀ ਹਾਜਰ ਕਰਵਾਇਆ ਜਾਵੇਗਾ।

(5) ਚੁਣੇ ਗਏ ਉਮੀਦਵਾਰਾਂ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਜੇਕਰ ਕਿਸੇ ਉਮੀਦਵਾਰ ਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਸੀਨੀਅਰ ਰੈਜੀਡੈਂਸੀ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਸ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

(6) ਕੈਟਾਗਰੀ 6 ਅਧੀਨ ਚੁਣੇ ਗਏ ਉਮੀਦਵਾਰ ਜਿਸ ਵੱਲੋਂ ਆਪਣੇ ਪੀ.ਜੀ ਦਾਖਲੇ ਸਮੇ ਪੀ.ਜੀ ਕੋਰਸ ਉਪਰੰਤ ਸਰਕਾਰ ਦੀ 1 ਸਾਲ ਦੀ ਸੇਵਾ ਕਰਨ ਹਿੱਤ ਸ਼ਿਓਰਟੀ ਬਾਂਡ ਭਰਿਆ ਗਿਆ ਸੀ।ਉਸ ਉਮੀਦਵਾਰਾਂ ਤੇ ਭਰੇ ਗਏ ਸ਼ਿਓਰਟੀ ਬਾਂਡ ਦੀਆਂ ਸ਼ਰਤਾ ਲਾਗੂ ਹੋਣਗੀਆਂ। ਇਸ ਲਈ ਜੇਕਰ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਨੁਸਾਰ ਕਿਸੇ ਵੀ ਉਮੀਦਵਾਰ ਵੱਲੋਂ ਚੋਣ ਉਪਰੰਤ ਆਪਣੀ ਹਾਜਰੀ ਰਿਪੋਰਟ ਇਸ ਸੰਸਥਾ ਵਿਖੇ ਪੇਸ਼ ਨਹੀਂ ਕੀਤੀ ਜਾਂਦੀ ਜਾਂ ਹਾਜਰ ਹੋਣ ਉਪਰੰਤ ਆਪਣੇ ਟੇਨਿਓਰ ਤੋਂ ਪਹਿਲਾਂ ਸੀਨੀਅਰ ਰੈਜੀਡੈਂਸੀ ਛੱਡੀ ਜਾਂਦੀ ਹੈ ਤਾਂ ਉਹ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਤੇ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 23.08.2022 ਅਨੁਸਾਰ ਬਾਂਡ ਮਨੀ ਭਰਨ ਦਾ ਪਾਬੰਦ ਹੋਵਾਗਾਂ।

(7) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਮੀਦਵਾਰ ਵਿਚੋਂ ਜੇਕਰ ਕੋਈ ਉਮੀਦਵਾਰ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਅਧੀਨ ਕਿਸੇ ਵੀ ਸੰਸਥਾ ਵਿਖੇ ਬਾਂਡਿਡ ਡਾਕਟਰ ਵੱਜੋਂ ਸੀਨੀਅਰ ਰੈਜੀਡੈਂਸੀ ਕਰ ਰਿਹਾ ਹੈ ਤਾ ਉਸ ਡਾਕਟਰ ਵੱਲੋਂ ਇਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਲਈ ਹਾਜਰ ਹੋਣ ਸਮੇ ਇਤਰਾਜਹੀਣਤਾ ਸਰਟੀਫਿਕੇਟ ਪੇਸ਼ ਕੀਤਾ ਜਾਵੇਗਾ ਕਿ ਉਹ ਜਿਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਕਰ ਰਿਹਾ ਹੈ, ਉਸ ਸੰਸਥਾ ਨੂੰ ਡਾਕਟਰ ਦੇ ਇਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਕਰਨ ਤੇ ਕੋਈ ਇਤਰਾਜ ਨਹੀਂ ਹੈ ਅਤੇ ਇਸ ਤੋਂ ਇਲਾਵਾ ਪੰਜਾਬ ਸਰਕਾਰ ਪਾਸ ਜੇਕਰ ਸ਼ਿਓਰਟੀ ਬਾਂਡ ਭਰਿਆ ਹੋਇਆ ਹੈ ਜਾਂ ਨਹੀ ਸਬੰਧੀ ਵੀ ਸਵੈ ਘੋਸ਼ਣਾ ਦਿੱਤੀ ਜਾਵੇਗੀ।

| S.No. | Name of Doctors | Father Name | Category (1 to 7) | Category-1 to 7 (PCMS, RMO, NHM, Fresh, Bonded) | Tenure of Senior Residents |
|---|---|---|---|---|---|
| | | Department of Cardiology | | | |
| 1 | Dr. Parv Kamra | Sh. Aseem Kamra | 7 | Fresh | 3 |
| | | Department of Emergency Medicine | | | |
| 1 | Dr. Jagmeet Singh | Sh. Mohan Lal | 7 | Fresh | 3 |
| 2 | Dr. Aditya Sood | Sh. Sanjeev Sood | 7 | Fresh | 3 |
| 3 | Dr. Vishal Sharma | Sh. Jyoti Parshad | 7 | Fresh | 3 |
| | | Department of Endocrinology | | | |
| 1 | Dr. Pratibha Bansal | Sh. Mahesh Bansal | 7 | Fresh | 3 |
| | | Department of Nephrology | | | |
| 1 | Dr. Himanshu Garg | Sh. Arun Kumar | 7 | Fresh | 3 |

| | | | | | |
|---|---|---|---|---|---|
| **Department of Pharmacology** | | | | | |
| 1 | Dr. Shailza Balu, Medical Officer, Merit No 448 Batch 2015, Civil Hospital, Rajpura | Sh. Pardeep Balu | 1 | PCMS | 3 |
| **Department of Physiology** | | | | | |
| 1 | Dr. Prabhpreet Kaur, Medical Officer, Merit No. 131 GC 2015 | Sh. Jaswant Singh | 1 | PCMS | 3 |
| **Department of Plastic Surgery** | | | | | |
| 1 | Dr. Manpreet Kaur | Sh. Karnail Singh | 7 | Fresh | 3 |
| **Department of Surgery** | | | | | |
| 1 | Dr. Deepak, Medical Officer, Merit No. 370/SC/2011, Civil Hospital, Phagwara | Sh. Rajinder Kumar | 1 | PCMS | 3 |
| 2 | Dr. Amber Khare | Sh. Girish Kumar Khare | 6 | All India Bonded | 1 |
| **Department of Surgical Oncology** | | | | | |
| 1 | Dr. Sarita Khurana | Sh. Parveen Kumar | 7 | Fresh | 3 |

5.9.23

ਡਾਇਰੈਕਟਰ ਪ੍ਰਿੰਸੀਪਲ
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਅਮਿਤ ਸ਼ਰਮਾ | ਸੀਨੀਅਰ ਸਹਾਇਕ ਵਿਕਰਮ ਸਿੰਘ | ਕਲਰਕ ਅਮਿਤ

ਪਿੱ:ਅੰ:ਨੰ:1(4022)ਈ1/2023/ 27976-28010 ਮਿਤੀ- 04/09/2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ
8. ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ
9. ਰਜਿਸਟ੍ਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ
9. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
11. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੌਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
12. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਵਿਚ ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਪਰੋਕਤ ਡਾਕਟਰਾਂ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

5.9.23

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਅਮਿਤ ਸ਼ਰਮਾ | ਸੀਨੀਅਰ ਸਹਾਇਕ ਵਿਕਰਮ ਸਿੰਘ | ਕਲਰਕ ਅਮਿਤ

04/09/23